بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 24.02.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਅੱਲਾਹ ਤਆਲਾ ਸਾਡੇ ਦਿਲਾਂ ਦਾ ਹਾਲ ਜਾਣਦਾ ਹੈ ਇਸ ਲਈ ਸਾਡੇ ਦਿਖਾਵੇ ਦੇ ਅਮਲ ਉਸ ਕੋਲ ਪਰਵਾਨ ਨਹੀਂ ਹੁੰਦੇ

ਮੁਸ਼ਕਲ ਘੜੀਆਂ'ਚੋਂ ਨਿਕਲਣ ਦਾ ਕੇਵਲ ਇਹੋ ਸਾਧਨ ਹੈ ਕਿ ਅਸੀਂ ਆਪਣੀਆਂ ਇਬਾਦਤਾਂ ਅਤੇ ਆਪਣੀਆਂ ਦੁਆਵਾਂ ਨੂੰ ਖ਼ਾਲਸ ਕਰਦਿਆਂ ਹੋਇਆਂ ਰੱਬ ਅੱਗੇ ਝੁਕੀਏ, ਅਸਤਗ਼ਫ਼ਾਰ ਉਪੱਰ ਜ਼ੋਰ ਦੇਈਏ, ਸਦਕਾ, ਦਾਨ ਪੁੰਨ ਤੇ ਖ਼ੈਰਾਤ ਵੱਲ ਧਿਆਨ ਦੇਈਏ ।

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਫ਼ਰਵਰੀ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕੱਲ ਦੁਨੀਆ ਦੇ ਜੋ ਹਾਲਾਤ ਹਨ ਹਰ ਕੋਈ ਜਾਣੂ ਹੈ । ਹਰ ਥਾਂ ਫਸਾਦ ਤੇ ਦੰਗੇ ਪਸਰੇ ਹੋਏ ਹਨ । ਇਸਲਾਮ ਵਿਰੋਧੀ ਸ਼ਕਤੀਆਂ ਇਹਨਾਂ ਹਾਲਾਤਾਂ ਦਾ ਜ਼ਿੱਮੇਦਾਰ ਮੁਸਲਮਾਨਾਂ ਨੂੰ ਦਸੱਦੀਆਂ ਹਨ । ਇਹ ਵੀ ਠੀਕ ਹੈ ਕਿ ਕੁਝ ਮੁਸਲਮਾਨ ਤੰਜ਼ੀਮਾ ਅਤੇ ਜੱਥੇਬੰਦੀਆਂ ਇਸਲਾਮ ਦੇ ਨਾਂ'ਤੇ ਅਜਿਹੀਆਂ ਹਰਕਤਾਂ ਕਰ ਰਹੀਆਂ ਹਨ ਜੋ ਅਤਿਆਚਾਰ ਤੇ ਆਤੰਕ ਤੋਂ ਬਿਨਾ ਹੋਰ ਕੁਝ ਨਹੀਂ ਅਤੇ ਇਸਲਾਮ ਦੀ ਸਿੱਖਿਆ ਨਾਲ ਉਸ ਦਾ ਦੂਰ ਦਾ ਵੀ ਨਾਤਾ ਨਹੀਂ, ਪਰ ਇਹ ਵੀ ਹਕੀਕਤ ਹੈ ਕਿ ਇਕ ਵਿਉਂਤਬੰਦੀ ਹੇਠ ਮੁਸਲਮਾਨਾਂ ਵਿੱਚ ਅਜਿਹੇ ਹਾਲਾਤ ਪੈਦਾ ਕੀਤੇ ਗਏ ਅਤੇ ਕੀਤੇ ਜਾ ਰਹੇ ਹਨ । ਇਸਲਾਮ ਨੂੰ ਹਾਣ ਸਾਧਾਰਣਤਾ ਸੁਆਰਥੀ ਮੁਸਲਮਾਨਾ ਅਤੇ ਮੁਨਾਫ਼ਕਾਂ ਨੇ ਹੀ ਪਹੁੰਚਾਇਆ ਹੈ ਜੋ ਆਪਣੇ ਹਿਤਾਂ ਲਈ ਅਜਿਹੀਆਂ ਸ਼ਕਤੀਆਂ ਦੇ ਹੱਥਿਆਰ ਬਣਦੇ ਰਹਿੰਦੇ ਹਨ । ਬਹਿਰਹਾਲ ਦੁਨੀਆ ਦੇ ਸਾਧਾਰਣ ਹਾਲਾਤ ਖ਼ਰਾਬ ਹਨ । ਕੁਝ ਮੁਸਲਮਾਨਾ ਦੇ ਗ਼ਲਤ ਅਮਲਾਂ ਕਰਕੇ ਇਸਲਾਮ ਵਿਰੋਧੀ ਸ਼ਕਤੀਆਂ ਨੂੰ ਇਸਲਾਮ ਨੂੰ ਬਦਨਾਮ ਕਰਨ ਦਾ ਵਾਹਵਾ ਮੌਕਾ ਮਿਲ ਰਿਹਾ ਹੈ । ਫਿਰ ਸਪਸ਼ਟ ਹੈ ਕਿ ਅਸੀਂ ਅਹਮਦੀ ਮੁਸਲਮਾਨ ਵੀ ਇਸੇ ਕਰਕੇ ਇਸ ਦਾ ਨਿਸ਼ਾਨਾ ਬਣਦੇ ਹਨ । ਭਾਵੇਂ ਸਾਨੂੰ ਜਾਨਣ ਵਾਲੇ ਜਾਣਦੇ ਹਨ ਕਿ ਅਹਮਦੀਆਂ ਦੀ ਸਿੱਖਿਆ ਅਤੇ ਕਰਮ ਮੁਹਬੱਤ, ਪ੍ਰੇਮ ਤੇ ਭਾਈਚਾਰੇ ਤੋਂ

ਬਿਨਾ ਹੋਰ ਕੁਝ ਨਹੀਂ ਪਰ ਸਾਧਾਰਣ ਲੋਕ ਸਾਨੂੰ ਵੀ ਉਸੇ ਪ੍ਰਕਾਰ ਵਿਚਾਰਦੇ ਹਨ ਜਿਵੇਂ ਕਿ ਮੀਡੀਆ ਨੇ ਆਮ ਕਲਪਨਾ ਮੁਸਲਮਾਨਾ ਤੇ ਇਸਲਾਮ ਬਾਰੇ ਫੈਲਾਈ ਹੋਈ ਹੈ । ਕਈ ਦੇਸ਼ਾਂ ਦੀਆਂ ਜਾਤੀ ਪਰਸਤ ਤੰਜ਼ੀਮਾ ਅਤੇ ਪਾਰਟੀਆਂ ਕੋਈ ਗੱਲ ਸੁਣਨਾ ਹੀ ਨਹੀਂ ਚਾਹੁੰਦੀਆਂ ਅਤੇ ਕੇਵਲ ਵਿਪਰੀਤ ਰਵੱਈਏ ਅਤੇ ਵਿਚਾਰਾਂ ਅਤੇ ਉਸ ਅਨੁਸਾਰ ਕਰਮ ਉਪੱਰ ਹੀ ਜ਼ੋਰ ਹੈ । ਇਸ ਵਿਰੋਧਤਾ ਦਾ ਜਰਮਨੀ ਦੇ ਪੂਰਬੀ ਭਾਗ ਵਿੱਚ ਵੀ ਸਾਹਮਣਾ ਹੈ ਅਤੇ ਹਾਲੈਂਡ ਵਿੱਚ ਵੀ ਜਿੱਥੇ ਛੇਤੀ ਹੀ ਚੋਣਾ ਹੋਣ ਵਾਲੀਆਂ ਹਨ । ਇਸੇ ਪ੍ਰਕਾਰ ਯੂਰੋਪ ਦੇ ਦੇਸ਼ਾਂ ਵਿੱਚ ਵੀ ਰਾਇਟਸਟ ਹੁਣ ਜ਼ੋਰ ਫੜ ਰਹੇ ਹਨ ਅਤੇ ਅਮਰੀਕਾ ਦਾ ਹਾਲ ਤਾਂ ਸਾਹਮਣੇ ਹੀ ਹੈ ਅਤੇ ਫਿਰ ਅਹਮਦੀ ਨ ਕੇਵਲ ਮੁਸਲਮਾਨ ਹੋਣ ਦੇ ਪੱਖੋਂ ਸਗੋਂ ਮੁਸਲਮਾਨ ਦੇਸ਼ਾਂ ਵਿੱਚ ਵੀ ਅਹਮਦੀ ਹੋਣ ਕਰਕੇ ਇਹਨਾਂ ਸਖ਼ਤੀਆਂ ਨੂੰ ਝੱਲ ਰਹੇ ਹਨ । ਕੇਵਲ ਇਸ ਲਈ ਕਿ ਅਸੀਂ ਆਉਣ ਵਾਲੇ ਘੋਸ਼ਣਾਕਰਤਾ (ਮਹਦੀ) ਨੂੰ ਜੋ ਰੱਬ ਦੇ ਵਾਦੇ ਅਨੁਸਾਰ ਆਇਆ ਨੂੰ ਮੰਨ ਲਿਆ ਹੈ । ਪਾਕਿਸਤਾਨ ਵਿੱਚ ਤਾਂ ਜ਼ਾਲਮਾਨਾ ਕਾਨੂਨਾਂ ਕਰਕੇ ਮੌਲਵੀਆਂ ਨੂੰ ਖੁੱਲੀ ਛੁੱਟੀ ਮਿਲੀ ਹੋਈ ਹੈ ਅਤੇ ਮੌਲਵੀਆਂ ਦੇ ਡਰ ਕਰਕੇ ਅਦਾਲਤਾਂ ਵੀ ਨਿਆ ਨ ਕਰਨ'ਤੇ ਮਜਬੂਰ ਹਨ, ਪਰ ਹੁਣ ਅਲਜਜ਼ਾਇਰ ਵਿੱਚ ਅਦਾਲਤਾਂ ਨੇ ਇਹੋ ਰਵੱਈਏ ਧਾਰ ਲਏ ਹਨ ਕਿ ਅਖੌਤੀ (ਤਥਾਕਥਿਤ) ਮੌਲਵੀ ਦੇ ਡਰ ਕਰਕੇ ਮਾਸੂਮ ਅਹਮਦੀਆਂ ਨੂੰ ਜੇਲਾਂ ਵਿੱਚ ਗ਼ਲਤ ਆਰੋਪ ਲਗਾਕੇ ਭੇਜਿਆ ਜਾ ਰਿਹਾ ਹੈ । ਇਸ ਸਮੇਂ ਵੀ ਓਥੇ ਸੋਲ੍ਹਾਂ (16) ਅਹਮਦੀ ਅਮਹਦੀਅਤ ਕਰਕੇ ਜੇਲ ਦੀ ਸਜ਼ਾ ਕੱਟ ਰਹੇ ਹਨ, ਤਾਂ ਫਿਰ ਅਜਿਹੇ ਸਮੇਂ ਵਿੱਚ ਇਕ ਅਹਮਦੀ ਨੂੰ ਕੀ ਕਰਨਾ ਚਾਹੀਦਾ ਹੈ । ਸਾਡੇ ਕੋਲ ਨ ਸੰਸਾਰਕ ਹੁਕੂਮਤ ਹੈ ਨ ਹੀ ਸੰਸਾਰਕ ਧੰਨ ਦੌਲਤ ਅਤੇ ਤੇਲ ਦਾ ਪੈਸਾ ਹੈ । ਹਾਂ ਇਕ ਚੀਜ਼ ਹੈ ਜਿਸ ਵੱਲ ਦੁਨੀਆ ਦੇ ਹਰ ਅਹਮਦੀ ਨੂੰ ਬਹੁਤ ਅਧਿਕ ਧਿਆਨ ਦੇਣ ਦੀ ਲੋੜ ਹੈ ਅਤੇ ਉਹ ਇਹ ਹੈ, ਇਬਾਦਤ, ਸਦਕੇ, ਖ਼ੈਰਾਤ ਅਤੇ ਅਸਤਗ਼ਫ਼ਾਰ ਰਾਹੀਂ ਰੱਬ ਦੀ ਨੇੜਤਾ ਹਾਸਲ ਕਰਨਾ । ਇਹੋ ਚੀਜ਼ਾਂ ਹਨ ਜੋ ਰੱਬ ਦੇ ਰਹਿਮ ਨੂੰ ਜੋਸ਼ ਵਿੱਚ ਲਿਆਉਂਦੀਆਂ ਹਨ ਅਤੇ ਇਸ ਨਾਲ ਰੱਬ ਦੀ ਪਨਾਹ ਵਿੱਚ ਆ ਜਾਂਦਾ ਹੈ । ਇਹ ਰੱਬ ਦੇ ਰਹਿਮ ਨੂੰ ਹਾਸਲ ਕਰਨ ਦਾ ਸਾਧਨ ਹਨ । ਇਨਸਾਨ ਵਿੱਚ ਅਸੰਖ ਕਮਜ਼ੋਰੀਆਂ ਹੁੰਦੀਆਂ ਹਨ । ਕਈ ਵਾਰ ਅਸੀਂ ਸੰਸਾਰਕ ਕੰਮਾ ਕਰਕੇ ਅਪਾਣੀਆਂ ਇਬਾਦਤਾਂ ਦੀ ਅਦਾਇਗੀ ਦਾ ਹੱਕ ਵੀ ਪੂਰਾ ਨਹੀਂ ਕਰਦੇ । ਕੋਈ ਵਿਅਕਤੀਗੱਤ ਕਸ਼ਟ ਆ ਜਾਵੇ ਤਾਂ ਥੋੜੇ ਜਿਹੇ ਸਦਕੇ (ਦਾਨ) ਵੱਲ ਧਿਆਨ ਆ ਜਾਂਦਾ ਹੈ ਵਰਨਾ ਨਹੀਂ । ਜੇਕਰ ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨਾ ਹੈ ਅਤੇ ਉਸ ਦੇ ਰਹਿਮ ਨੂੰ ਜੋਸ਼ ਦੁਆਉਣ ਵਾਲਾ ਅਤੇ ਦੁਸ਼ਮਣਾ ਅਤੇ ਵਿਰੋਧੀਆਂ ਦੇ ਜਤਨਾ ਨੰ ਵਿਫ਼ਲ ਤੇ ਨਾਮੁਰਾਦ ਕਰਨ ਵਾਲਾ ਬਨਾਉਂਣਾ ਹੈ ਤਾਂ ਸਾਨੂੰ ਇਹਨਾਂ ਗੱਲਾਂ ਵੱਲ ਬਹਿਰਹਾਲ ਧਿਆਨ ਦੇਣਾ ਹੋਵੇਗਾ ਜੋ ਰੱਬ ਦੀ ਰਜ਼ਾ ਅਤੇ ਉਸ ਦੀ ਬਖ਼ਸ਼ਿਸ਼ ਨੂੰ ਹਾਸਲ ਕਰਨ ਵਾਲੇ ਹਨ । ਜੱਦ ਰੱਬ ਫ਼ਰਮਾਉਂਦਾ ਹੈ ਕਿ ਮੈਂ ਤੌਬਾ (ਪਸ਼ਚਾਤਾਪ) ਅਤੇ ਅਸਤਗ਼ਫਾਰ (ਖਿਮਾ ਯਾਚਨਾ) ਅਤੇ ਸਦਕਿਆਂ (ਦਾਨ ਪੁੰਨ) ਨੂੰ ਕ਼ਬੂਲ ਕਰਦਾ ਹਾਂ, ਤਾਂ ਇਹ ਇਸ ਲਈ ਕਿ ਤੁਸੀਂ ਤੋਬਾ ਅਤੇ ਅਸਤਗ਼ਫ਼ਾਰ ਵੱਲ ਧਿਆਨ ਕਰੋ ਕਿ ਤੁਹਾਡੀਆਂ ਔਕੁੜਾਂ ਦੂਰ ਕਰਾਂ ਤੁਹਾਡੀਆਂ ਬੇਚੈਨੀਆਂ ਦੂਰ ਕਰਾਂ, ਤੁਹਾਨੂੰ ਆਪਣੀ ਨੇੜਤਾ ਪ੍ਰਦਾਨ ਕਰਾਂ, ਤੁਹਾਡੇ ਬੀਤੇ ਗੁਨਾਹਾਂ ਨੂੰ ਮੁਆਫ਼ ਕਰਾਂ, ਤੁਹਾਨੂੰ ਸੁਚੱਾ ਤੇ ਸਹੀ ਬੰਦਾ ਬਣਨ ਦਾ ਸੰਯੋਗ ਪ੍ਰਦਾਨ ਕਰਾਂ ਅਤੇ ਤੁਹਾਡੇ'ਤੇ ਆਪਣਾ ਰਹਿਮ ਕਰਾਂ । ਅਲੱਾਹ ਤਆਲਾ ਫ਼ਰਮਾਉਂਦਾ ਹੈ : ( اَلَمۡ یَعۡلَمُوۡۤا اَنَّ اللّٰہَ ھُوَ یَقۡبَلُ التَّوۡبَۃَ عَنۡ عِبَادِہٖ وَ یَاۡخُذُ الصَّدَقٰتِ وَ اَنَّ اللّٰہَ ھُوَ التَّوَّابُ الرَّحِیۡمُ) "ਅਲਮ ਯਾਲਾਮੂ ਅਨੱਲੱਾਹਾ ਹੁਵਾ ਯਕਬਲੁਤ ਤੋਬਾਤਾ ਅਨ ਇਬਾਦਿਹੀ ਵ ਯਾਖ਼ੁਜ਼ੁਸ

ਸਦਾਕਾਤਿ ਵ ਅਨੱਲੱਾਹਾ ਹੁਵਤ ਤਵੱਾਬੁਰ ਰਹੀਮ।'' ਅਰਥਾਤ ਕੀ ਨਹੀਂ ਜਾਣਦੇ ਕਿ ਰੱਬ ਹੀ ਆਪਣੇ ਬੰਦਿਆਂ ਦੀ ਤੌਬਾ ਕੁਬੂਲ ਕਰਦਾ ਹੈ ਅਤੇ ਸਦਕਿਆਂ (ਖ਼ੈਰਾਤਾਂ) ਨੂੰ ਕੁਬੂਲ ਕਰਦਾ ਹੈ ਅਤੇ ਰੱਬ ਹੀ ਹੈ ਜੋ ਤੌਬਾ ਕੁਬੂਲ ਕਰਨ ਵਾਲਾ ਅਤੇ ਵਾਰ ਵਾਰ ਰਹਿਮ ਕਰਨ ਵਾਲਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : 'ਸਦਕਾ' ਸ਼ਬਦ 'ਸਿਦਕ' (ਸੱਚ) ਤੋਂ ਲਿਆ ਗਿਆ ਹੈ ਜੱਦ ਕੋਈ ਵਿਕਅਤੀ ਰੱਬ ਦੇ ਮਾਰਗ ਵਿੱਚ 'ਸਦਕਾ' ਦਿੰਦਾ ਹੈ ਤਾਂ ਜਾਣੋ ਰੱਬ ਨਾਲ ਸਿਦਕ ਰਖੱਦਾ ਹੈ ਸਚੱਾਈ ਦਾ ਸੰਬੰਧ ਰਖੱਦਾ ਹੈ । ਦੁਆ ਨਾਲ ਮਨ ਵਿੱਚ ਦਰਦ ਭਰੀ ਇਕ ਪੀੜ੍ਹਾ ਪੈਦਾ ਹੁੰਦੀ ਹੈ, ਦੁਆ ਵਿੱਚ ਇਕ ਕੁਰਬਾਨੀ ਹੈ, ਸਿਦਕ ਤੇ ਦੁਆ ਜੇਕਰ ਇਹ ਦੋ ਗਲੱਾਂ ਇਕਤੱਰ ਹੋ ਜਾਣ ਤਾਂ ਅਚੂਕ ਹਨ ।

ਸੋ, ਅਸਤਗ਼ਫ਼ਾਰ ਵੀ ਦੁਆ ਹੈ ਅਤੇ ਜੱਦ ਮਨੁੱਖ ਆਪਣੇ ਪਾਪਾਂ ਤੋਂ, ਆਪਣੀਆਂ ਕਮਜ਼ੋਰੀਆਂ ਨੂੰ ਸਾਹਮਣੇ ਰਖੱਦਿਆਂ ਹੋਇਆਂ ਦੁਆ ਕਰਦਾ ਹੈ ਤਾਂ ਇਕ ਰਿਕੱਤ (ਦਰਦ ਭਰੀ ਅਵਸਥਾ) ਅਤੇ ਜੋਸ਼ ਪੈਦਾ ਹੁੰਦਾ ਹੈ । ਕੇਵਲ ਮੂੰਹ ਨਾਲ ਅਸਤਗ਼ਫ਼ਿਰੁਲੱਾਹ ਅਸਤਗ਼ਫ਼ਿਰੁਲੱਾਹ ਕਹਿਣ ਅਤੇ ਧਿਆਨ ਰੱਬ ਦੀ ਥਾਂ ਕਿਤੇ ਹੋਰ ਰਹਿਣ ਨਾਲ ਮੰਤਵ ਪੂਰਾ ਨਹੀਂ ਹੁੰਦਾ । ਸੋ, ਰੱਬ ਦੁਆਵਾਂ ਨੂੰ ਸੁਣਦਾ ਹੈ । ਅਤੇ ਸਦਕਿਆਂ ਨੂੰ, ਜੋ ਬੇਚੈਨੀ ਦੀ ਅਵਸਥਾ ਵਿੱਚ ਰੱਬ ਦੇ ਰਹਿਮ ਨੂੰ ਹਾਸਲ ਕਰਨ ਲਈ ਦਿੱਤੇ ਜਾਂਦੇ ਹਨ, ਰੱਬ ਉਹਨਾਂ ਨੂੰ ਕੁਬੂਲ ਕਰਦਾ ਹੈ ਅਤੇ ਜੱਦ ਬੰਦਾ ਇਹ ਪ੍ਰਣ ਕਰਦਾ ਹੈ ਕਿ ਭਵਿੱਖ ਵਿੱਚ ਆਪਣੀਆਂ ਕਮਜ਼ੋਰੀਆਂ ਤੋਂ ਬਚਣ ਦਾ ਭਰਪੂਰ ਜਤਨ ਕਰੇਗਾ ਅਤੇ ਜੱਦ ਬੰਦਾ ਰੱਬ ਦੇ ਰਹਿਮ ਨੂੰ ਜਜ਼ਬ ਕਰਨ ਦਾ ਜਤਨ ਕਰੇ ਤਾਂ ਫਿਰ ਰੱਬ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਰਾਹੀਂ ਸਾਨੂੰ ਇਹ ਖ਼ੁਸਖ਼ਬਰੀ ਦਿੱਤੀ ਹੈ ਕਿ ਮੇਰੇ ਬੰਦਿਆਂ ਨੂੰ ਦੱਸ ਦਿਓ ਕਿ ਜੇਕਰ ਮੇਰਾ ਬੰਦਾ ਮੇਰੀ ਵੱਲ ਇਕ ਕਦਮ ਚਲੱਕੇ ਆਉਂਦਾ ਹੈ ਤਾਂ ਮੈਂ ਉਸ ਵੱਲ ਦੋ ਕਦਮ ਚਲੱਕੇ ਆਉਂਦਾ ਹਾਂ, ਜੇਕਰ ਮੇਰਾ ਬੰਦਾ ਮੇਰੀ ਵੱਲ ਚਲੱਕੇ ਆਉਂਦਾ ਹੈ ਤਾਂ ਮੈਂ ਦੌੜਕੇ ਆਉਂਦਾ ਹਾਂ । ਸੋ, ਰੱਬ ਦੇ ਰਹਿਮ ਦਾ ਕੋਈ ਅਥਾਹ ਨਹੀਂ ।

ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਰੱਬ ਸਾਡੇ ਦਿਲਾਂ ਦਾ ਹਾਲ ਜਾਣਦਾ ਹੈ, ਇਸ ਲਈ ਸਾਡੇ ਦਿਖਾਵੇ ਦੇ ਕਰਮ ਉਸ ਦੇ ਕੋਲ ਪਰਵਾਨ ਨਹੀਂ ਹੁੰਦੇ । ਰੱਬ ਤਾਂ ਐਨ੍ਹਾਂ ਮਿਹਰਬਾਨ ਹੈ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੋ ਲੋਕ ਐਨ੍ਹਾ ਸਾਧਨ ਨ ਰਖੱਦੇ ਹੋਣ ਕਿ ਸਦਕਾ ਦੇ ਸਕਣ ਤਾਂ ਚੰਗੀਆਂ ਗਲੱਾਂ ਉਪੱਰ ਅਮਲ ਕਰਨਾ ਅਤੇ ਬੁਰੀਆਂ ਗਲੱਾਂ ਤੋਂ ਰੋਕਣਾ ਹੀ ਉਹਨਾਂ ਨੂੰ ਸਦਕੇ ਦਾ ਪੁੰਨ ਦੇ ਦੇਵੇਗਾ ।

ਸੋ, ਮੁਸ਼ਕਲ ਘੜੀਆਂ'ਚੋਂ ਨਿਕਲਣ ਦਾ ਕੇਵਲ ਇਹੋ ਇਕ ਸਾਧਨ ਹੈ ਕਿ ਅਸੀਂ ਆਪਣੀਆਂ ਇਬਾਦਤਾਂ ਅਤੇ ਆਪਣੀਆਂ ਦੁਆਵਾਂ ਨੂੰ ਖ਼ਾਲਸ ਕਰਦਿਆਂ ਹੋਇਆਂ ਰੱਬ ਅੱਗੇ ਝੁੱਕੀਏ, ਅਸਤਗ਼ਫ਼ਾਰ ਉਪੱਰ ਜ਼ੋਰ ਦੇਈਏ, ਸਦਕਾ ਤੇ ਖ਼ੈਰਾਤ ਵੱਲ ਧਿਆਨ ਕਰੀਏ । ਅਸਤਗ਼ਫ਼ਾਰ ਦੀ ਹਕੀਕਤ ਵਰਨਣ ਕਰਦਿਆਂ ਹੋਇਆਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :

ਗੁਨਾਹ (ਪਾਪ) ਇਕ ਅਜਿਹਾ ਕੀੜਾ ਹੈ ਜੋ ਮਨੁੱਖ ਦੇ ਰਕਤ ਵਿੱਚ ਮਿਲਿਆ ਹੋਇਆ ਹੈ ਪਰ ਇਸ ਦਾ ਇਲਾਜ ਅਸਤਗ਼ਫ਼ਾਰ ਨਾਲ ਹੀ ਹੋ ਸਕਦਾ ਹੈ । ਅਸਤਗ਼ਫ਼ਾਰ ਕੀ ਹੈ ਇਹੋ ਜੋ ਗੁਨਾਹ ਵਾਪਰ ਚੁਕੇ ਹਨ ਉਹਨਾ ਦੇ ਮੰਦੇ ਫਲਾਂ ਤੋਂ ਰੱਬ ਸੁਰੱਖਿਅਤ ਰੱਖੇ ਅਤੇ ਜੋ ਅਜੇ ਵਾਪਰੇ ਨਹੀਂ ਹਨ ਅਤੇ ਜੋ ਸੁਭਾਵਕਤਾ ਮਨੁੱਖ

ਵਿੱਚ ਮੌਜੂਦ ਹਨ ਵਾਪਰਨ ਦਾ ਸਮਾਂ ਹੀ ਨ ਆਵੇ । ਉਹ ਗੁਨਾਹ (ਪਾਪ) ਸਾਡੇ ਕੋਲੋਂ ਵਾਪਰਨ ਹੀ ਨ ਅਤੇ ਅੰਦਰ ਹੀ ਅੰਦਰ ਸੜਕੇ ਸੁਆਹ ਹੋ ਜਾਣ । ਫ਼ਰਮਾਇਆ ਕਿ ਇਹ ਸਮਾਂ ਬਹੁਤ ਖ਼ੌਫ਼ ਦਾ ਹੈ, ਇਸ ਲਈ ਤੌਬਾ ਤੇ ਅਸਤਗ਼ਫ਼ਾਰ ਵਿੱਚ ਲੱਗੇ ਰਹੋ ਅਤੇ ਆਪਣੇ ਨਫ਼ਸ (ਆਪੇ) ਦਾ ਅਧਿਐਨ ਕਰਦੇ ਰਹੋ । ਹਰ ਧਰਮ ਤੇ ਕੌਮ ਦੇ ਲੋਕ ਅਤੇ ਪੁਸਤਕ ਵਾਲੇ ਮੰਨਦੇ ਹਨ ਕਿ ਸਦਕਿਆਂ ਤੇ ਖ਼ੈਰਾਤਾਂ ਨਾਲ ਬਲਾਵਾਂ ਟੱਲ ਜਾਂਦੀਆਂ ਹਨ, ਪਰ ਅਜ਼ਾਬ (ਕਰੋਪ) ਪੈਣ ਤੋਂ ਪਹਿਲਾਂ । ਪਰ ਜੱਦ ਕਰੋਪ ਪੈ ਜਾਵੇ ਤਾਂ ਉਕੱਾ ਹੀ ਨਹੀਂ ਟਲਦਾ । ਸੋ, ਤੁਸੀਂ ਹੁਣ ਤੋਂ ਹੀ ਅਸਤਗ਼ਫ਼ਾਰ (ਖਿਮਾ ਯਾਚਨਾ) ਕਰੋ ਅਤੇ ਤੌਬਾ ਵਿੱਚ ਲੱਗ ਜਾਓ ਤਾਂ ਤੁਹਾਡੀ ਵਾਰੀ ਹੀ ਨ ਆਵੇ ਅਤੇ ਰੱਬ ਤੁਹਾਡੀ ਸੁਰੱਖਿਆ ਕਰੇ ।

ਹਜ਼ੂਰ ਨੇ ਫ਼ਰਮਾਇਆ : ਹੁਣੇ ਤਾਂ ਇਹ ਛੋਟੀ ਜਿਹੀਆਂ ਔਕੁੜਾਂ ਹਨ, ਪਰ ਜਿਸ ਪਾਸੇ ਦੁਨੀਆ ਜਾ ਰਹੀ ਹੈ ਜਿਸ ਵੱਲ ਦੁਨੀਆ ਬੇਲਗਾਮ ਹੋਈ ਪਈ ਹੈ, ਜਿਸ ਵੱਲ ਰੱਬ ਦੀ ਨਰਾਜ਼ਗੀ ਦੇ ਸਾਧਨ ਹੋ ਰਹੇ ਹਨ, ਤਾਂ ਮਨੁੱਖ ਉਸ ਤਬਾਹੀ ਵੱਲ ਜਾ ਰਿਹਾ ਹੈ ਜੋ ਮਨੁੱਖ ਦੇ ਆਪਣੇ ਹੱਥੀਂ ਹੋਣੀ ਹੈ । ਰੱਬ ਦੀ ਨਾਰਾਜ਼ਗੀ ਨੂੰ ਭੜਕਾ ਰਹੀ ਹੈ ਇਹ ਦੁਨੀਆ । ਸੋ, ਅਜਿਹੇ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਮੰਨ੍ਹਣ ਵਾਲਿਆਂ ਦਾ ਇਹ ਕੰਮ ਹੈ ਕਿ ਜਿੱਥੇ ਅਸੀਂ ਆਪਣੇ ਆਪ ਨੂੰ ਬੁਰੇ ਪ੍ਰਭਾਵ ਤੋਂ ਬਚਾਉਣ ਲਈ ਤੌਬਾ ਤੇ ਅਸਤਗ਼ਫ਼ਾਰ ਉਪੱਰ ਜ਼ੋਰ ਦੇਈਏ ਓਥੇ ਸਾਧਾਰਣ ਤੌਰ'ਤੇ ਦੁਨੀਆ ਲਈ ਵੀ ਦੁਆ ਕਰੋ ਕਿ ਰੱਬ ਉਹਨਾਂ ਨੂੰ ਵੀ ਅਕਲ ਦੇਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਦੁਆ ਬਹੁਤ ਵੱਡੀ ਸੁਪੱਰ ਸਫ਼ਲਤਾ ਲਈ ਹੈ । ਯੂਨੁਸ ਦੀ ਕੌਮ ਵਿਰਲਾਪ ਤੇ ਦੁਆਵਾਂ ਦੇ ਸਬਬ ਆਉਣ ਵਾਲੇ ਅਜ਼ਾਬ ਤੋਂ ਬੱਚ ਗਈ । ਇਸ ਤੋਂ ਸਿੱਖਿਆ ਮਿਲਦੀ ਹੈ ਕਿ ਰੋਣਾ ਧੋਣਾ ਤੇ ਸਦਕੇ ਦੇਣਾ ਮਤੇ (ਵਿਅਕਤੀਗੱਤ ਨਿਰਣੈ) ਵਿੱਚ ਲੱਗੇ ਜੁਰਮ ਨੂੰ ਰੱਦ ਕਰ ਦਿੰਦੇ ਹਨ । ਸੁਪਨਿਆ ਦੇ ਪ੍ਰਤੀਫ਼ਲ ਗਿਆਨ ਵਿੱਚ ਧਨ ਕਲੇਜਾ ਹੁੰਦਾ ਹੈ ਇਸ ਲਈ ਖ਼ੈਰਾਤ ਕਰਨਾ ਜਾਨ ਦੇਣਾ ਹੁੰਦਾ ਹੈ । ਮਨੁੱਖ ਖ਼ੈਰਾਤ ਕਰਦੇ ਸਮੇਂ ਕਿੰਨ੍ਹਾ ਸਿਦਕ ਤੇ ਦ੍ਰਿੜ੍ਹਤਾ ਦਿਖਾਉਂਦਾ ਹੈ ਅਤੇ ਅਸਲ ਗੱਲ ਤਾਂ ਇਹ ਹੈ ਕਿ ਕੇਵਲ ਗਲੱਾਂ ਨਾਲ ਕੁਝ ਨਹੀਂ ਬਣਦਾ ਜੱਦ ਤੱਕ ਕਰਮ ਰੂਪੀ ਅਵਸਥਾ ਵਿੱਚ ਕਿਸੇ ਗੱਲ ਨੂੰ ਲਿਆਕੇ ਨ ਦਿਖਾਇਆ ਜਾਵੇ । ਫ਼ਰਮਾਇਆ ਕਿ 'ਸਦਕਾ' ਉਸ ਨੂੰ ਇਸ ਲਈ ਕਹਿੰਦੇ ਹਨ ਕਿ ਸਾਦਕਾਂ'ਤੇ (ਸੱਚਿਆਂ ਉੱਤੇ) ਨਿਸ਼ਾਨ ਕਰਦਾ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ : ਜਿਵੇਂ ਰੁਖੱਾਂ ਤੇ ਖੇਤਾਂ ਨੂੰ ਜੇਕਰ ਪਾਣੀ ਨ ਦਿਤੱਾ ਜਾਵੇ ਤਾਂ ਉਹ ਫਲ ਨਹੀਂ ਲਿਆਉਂਦੇ ਇਸੇ ਪ੍ਰਕਾਰ ਜੱਦ ਤੱਕ ਨੇਕੀ ਦਾ ਪਾਣੀ, ਜੱਦ ਤੱਕ ਦਿਲ ਨੂੰ ਨ ਦਿਤੱਾ ਜਾਵੇ ਤਾਂ ਉਹ ਵੀ ਮਨੁੱਖ ਲਈ ਕਿਸੇ ਕੰਮ ਦਾ ਨਹੀਂ ਹੁੰਦਾ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ : ਕਿ ਘਰਾਂ ਵਿੱਚ ਨੇਕੀ ਦੀ ਚਰਚਾ ਚਲਦੀ ਰਹਿਣੀ ਚਾਹੀਦੀ ਹੈ ਤਾਂ ਜੋ ਦੁਆਵਾਂ ਵੱਲ ਵੀ ਧਿਆਨ ਪੈਦਾ ਹੁੰਦਾ ਰਹੇ, ਅਸਤਗ਼ਫਾਰ ਕਰਨ ਲਈ ਵੀ ਧਿਆਨ ਬਣਦਾ ਰਹੇ ਬਾਕੀ ਨੇਕ ਕੰਮਾ ਵੱਲ ਵੀ ਧਿਆਨ ਪੈਦਾ ਹੁੰਦਾ ਰਹੇ ਅਤੇ ਇਹੋ ਪਾਣੀ ਜਿਸ ਤੋਂ ਨੇਕੀ ਦਾ ਪੌਦਾ ਪਰਵਾਨ ਚੜ੍ਹਦਾ ਹੈ, ਇਮਾਨ ਤੇ ਆਸਥਾ ਮਜ਼ਬੂਤ ਹੁੰਦੀ ਹੈ । ਫ਼ਰਮਾਇਆ : ਰੱਬ ਦੀਆਂ ਮਿਹਰਾਂ ਨੂੰ ਹਾਸਲ ਕਰਨ ਲਈ ਇਬਾਦਤ ਦੀ ਪਾਬੰਦੀ ਜਿੱਥੇ ਜ਼ਰੂਰੀ ਹੈ ਓਥੇ ਹਰ ਪ੍ਰਕਾਰ ਦੇ ਜ਼ੁਲਮ ਤੇ ਵਧੀਕੀ ਤੋਂ ਬਚਣਾ ਵੀ ਜ਼ਰੂਰੀ ਹੈ ਅਤੇ ਲੋਕਾਂ ਦੇ ਕੰਮ ਆਉਂਣਾ ਵੀ ਜ਼ਰੂਰੀ ਹੈ । ਘਰਾਂ ਵਿੱਚ ਬਹੁਤਾ ਸਮਾਂ ਸੰਸਾਰਕ ਹਾਸਿਆਂ ਠੱਠਿਆਂ ਵਿੱਚ ਲੰਘਾਉਣ ਦੀ ਥਾਂ ਨੇਕੀ ਦੀਆਂ ਗਲੱਾਂ ਕਰਨ ਵੱਲ ਧਿਆਨ ਦੁਆਉਣ ਦੀ ਲੋੜ ਹੈ । ਅਜਿਹੀ

ਸੰਗਤ ਤੇ ਸਭਾਵਾਂ ਤੋਂ ਬਚਣ ਦੀ ਲੋੜ ਹੈ ਜਿੱਥੇ ਕੇਵਲ ਹਾਸੇ ਠੱਠੇ ਹੋ ਰਹੇ ਹੋਣ । ਦੂਜਿਆਂ ਦਾ ਮਖ਼ੌਲ ਉਡਾਇਆ ਜਾ ਰਿਹਾ ਹੋਵੇ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੌਕੇ ਫ਼ਰਮਾਇਆ :

ਸਾਰਿਆਂ ਧਰਮਾ ਵਿੱਚ ਇਸ ਗੱਲ ਦੀ ਸਹਿਮਤੀ ਹੈ ਕਿ ਸਦਕਾ ਤੇ ਖ਼ੈਰਾਤ ਰਾਹੀ ਬਲਾਵਾਂ ਟੱਲ ਜਾਂਦੀਆਂ ਹਨ ਅਤੇ ਬਲਾਵਾਂ ਦੇ ਆਉਣ ਬਾਰੇ ਰੱਬ ਪਹਿਲਾਂ ਤੋਂ ਖ਼ਬਰ ਦੇਵੇ ਤਾਂ ਉਹ ਚੇਤਾਵਨੀ ਦੀ ਭਵਿੱਖਬਾਣੀ ਹੈ । ਸੋ, ਸਦਕਾ ਤੇ ਖ਼ੈਰਾਤ ਨਾਲ, ਤੌਬਾ ਕਰਨ ਨਾਲ ਅਤੇ ਰੱਬ ਵੱਲ ਧਿਆਨ ਕਰਨ ਨਾਲ ਚੇਤਾਵਨੀ ਦੀ ਭਵਿਖੱਬਾਣੀ ਵੀ ਟੱਲ ਸਕਦੀ ਹੈ । ਸੋ, ਜੱਦ ਰੱਬ ਫ਼ਰਮਾਉਂਦਾ ਹੈ ਕਿ ਮੈਂ ਸਦਕਿਆਂ ਨੂੰ ਕੁਬੂਲ ਕਰਦਾ ਹਾਂ ਤਾਂ ਉਹ ਅਜਿਹੀ ਅਵਸਥਾ ਵਿੱਚ ਵੀ ਕੁਬੂਲ ਕਰਨ ਦੀ ਸਮਰਥਾ ਰਖੱਦਾ ਹੈ ਅਤੇ ਕੁਬੂਲ ਕਰਦਾ ਹੈ । ਜਿਸ ਬਾਰੇ ਉਹ ਕਈ ਵਾਰ ਆਪਣੇ ਨਬੀਆਂ ਤੇ ਫ਼ਰਸਤਾਦਿਆਂ (ਆਪਣੇ ਵੱਲੋਂ ਭੇਜੇ ਹੋਏ ਵਿਅਕਤੀਆਂ) ਰਾਹੀਂ ਦੱਸ ਵੀ ਦਿੰਦਾ ਕਿ ਅਜਿਹਾ ਹੋਵੇਗਾ । ਡਰ ਖ਼ੌਫ਼ ਦੀ ਭਵਿਖੱਬਾਣੀ ਵੀ ਹੋ ਜਾਂਦੀ ਹੈ ਜਿਵੇਂ ਕਿ ਯੂਨੁਸ ਦੀ ਕੌਮ ਬਾਰੇ ਸੀ ਅਤੇ ਉਸ ਦੀ ਕੌਮ ਦੁਆ, ਸਦਕੇ ਅਤੇ ਵਿਰਲਾਪ ਕਰਨ ਕਰਕੇ ਬੱਚ ਗਈ ਅਤੇ ਜੋ ਤਬਾਹੀ ਦੀ ਭਵਿੱਖਬਾਣੀ ਸੀ ਉਹ ਟੱਲ ਗਈ । ਸੋ, ਜੱਦ ਨਬੀਆਂ ਦੀ ਭਵਿੱਖਬਾਣੀ ਵੀ ਸਦਕਿਆਂ ਤੇ ਖ਼ੈਰਾਤਾਂ ਨਾਲ ਟੱਲ ਸਕਦੀ ਹੈ ਤਾਂ ਫਿਰ ਜੋ ਔਕੁੜਾਂ ਮਨੁੱਖ ਦੇ ਆਪਣੇ ਕਰਮਾ ਦੇ ਸਿੱਟੇ ਵਿੱਚ ਸਾਹਮਣੇ ਆਉਂਦੀਆਂ ਹਨ, ਰੱਬ ਨੂੰ ਭੁਲੱਣ ਕਰਕੇ ਆਉਂਦੀਆਂ ਹਨ, ਉਹ ਕਿਉਂ, ਰੱਬ ਵੱਲ ਧਿਆਨ ਕਰਨ ਨਾਲ, ਅਸਤਗ਼ਫਾਰ ਕਰਨ ਨਾਲ, ਤੌਬਾ ਕਰਨ ਨਾਲ ਅਤੇ ਸਦਕੇ ਕਰਨ ਨਾਲ ਨਹੀਂ ਟੱਲ ਸਕਦੀਆਂ । ਨਿਸ਼ਚੇ ਹੀ ਟੱਲ ਸਕਦੀਆਂ ਹਨ । ਸ਼ਰਤ ਇਹ ਹੈ ਕਿ ਸਾਡਾ ਰੋਣਾ ਧੋਣਾ, ਦੁਆ ਕਰਨਾ ਅਤੇ ਸਦਕੇ ਦੇਣਾ ਵੀ ਰੱਬ ਦੇ ਆਦੇਸ਼ਾ ਅਨੁਸਾਰ ਹੋਵੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਸਦਕਾ ਰੱਬ ਦੇ ਗਜ਼ਬ (ਪ੍ਰਕੋਪ) ਨੂੰ ਠੰਡਾ ਕਰਦਾ ਹੈ ਅਤੇ ਬੁਰਾਈ ਦੀ ਮੌਤ ਨੂੰ ਦੂਰ ਕਰਦਾ ਹੈ ਫਿਰ ਫ਼ਰਮਾਇਆ ਕਿ ਸਦਕਾ ਦੇ ਕੇ ਅੱਗ ਤੋਂ ਬਚੋਂ ਭਾਵੇਂ ਅੱਧੀ ਖਜੂਰ ਖਰਚ ਕਰਨ ਦੀ ਤੌਫ਼ੀਕ ਹੋਵੇ । ਸੋ, ਇਹਨਾਂ ਗਲੱਾਂ ਨੂੰ ਹਮੇਸ਼ਾ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ । ਦਿਲੋਂ ਨਿਕਲਿਆ ਹੋਇਆ ਅਸਤਗ਼ਫ਼ਾਰ ਭਵਿੱਖ ਦੇ ਗੁਨਾਹਾਂ (ਪਾਪਾਂ) ਤੋਂ ਵੀ ਬਚਾਉਂਦਾ ਹੈ ਅਤੇ ਰੱਬ ਦੇ ਰਹਿਮ ਨੂੰ ਵੀ ਜੋਸ਼ ਵਿੱਚ ਲਿਆਉਂਦਾ ਹੈ ਅਤੇ ਉਸ ਦੀ ਨੇੜਤਾ ਵੀ ਮਿਲਦੀ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ : ਰੱਬ ਤੋਂ ਜੋ ਚੀਜ਼ ਮੰਗੀ ਜਾਂਦੀ ਹੈ ਉਸ ਵਿੱਚ ਸਭ ਤੋਂ ਵੱਧ ਆਫ਼ੀਯਤ' (ਸੁੱਖ, ਭਲਾਈ) ਮੰਗਣਾ ਉਸਨੂੰ ਪਸੰਦ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਦੁਆ ਉਸ ਔਕੁੜ ਦੇ ਮੁਕਾਬਲੇ'ਤੇ ਜੋ ਆ ਚੁੱਕੀ ਹੋਵੇ ਅਤੇ ਉਸ ਦੇ ਮੁਕਾਬਲੇ'ਤੇ ਜੋ ਅਜੇ ਨਹੀਂ ਆਈ ਹੋਵੇ ਲਾਭ ਦਿੰਦੀ ਹੈ । ਫ਼ਰਮਾਇਆ, ਹੇ ਰੱਬ ਦੇ ਬੰਦਿਓ ! ਤੁਹਾਡੇ ਉਪੱਰ ਲਾਜ਼ਮ ਹੈ ਕਿ ਤੁਸੀਂ ਦੁਆ ਕਰਨ ਨੂੰ ਅਪਣਾਓ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਚੇਤੇ ਰੱਖੋ ਗ਼ਫ਼ਲਤ (ਲਾਪਰਵਾਹੀ, ਅਣਗਹਿਲੀ) ਦਾ ਪਾਪ ਪਛਤਾਵੇ ਦੇ ਪਾਪ ਨਾਲੋਂ ਵਧੱਕੇ ਹੁੰਦਾ ਹੈ । ਇਹ ਪਾਪ ਵਿਸ਼ ਭਰਿਆ ਤੇ ਕਾਤਲ ਹੁੰਦਾ ਹੈ । ਤੌਬਾ ਕਰਨ ਵਾਲਾ ਤਾਂ ਅਜਿਹਾ ਹੀ ਹੁੰਦਾ ਹੈ ਸੰਭਵਤਾ ਉਸ ਨੇ ਪਾਪ ਕੀਤਾ ਹੀ ਨਹੀਂ । ਜਿਸ ਨੇ ਸੱਚੀ ਤੌਬਾ ਕੀਤੀ, ਅਸਤਗ਼ਫ਼ਾਰ ਕੀਤਾ ਅਤੇ ਆਪਣੇ ਪਿਛਲੇ ਪਾਪਾਂ ਦੀ ਮੁਆਫ਼ੀ ਮੰਗੀ ਅਤੇ ਭਵਿੱਖ ਦੇ ਪਾਪਾਂ ਤੋਂ ਬਚਣ ਦਾ ਪ੍ਰਣ ਕੀਤਾ, ਉਸੇ ਪ੍ਰਕਾਰ ਹੈ ਸੰਭਵਤਾ ਉਸ ਨੇ ਪਾਪਾ ਕੀਤਾ ਹੀ ਨਹੀਂ ।

ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਦੁਆ ਦੀ ਹਕੀਕਤ ਨੂੰ ਸਮਝਣ ਵਾਲੇ ਹੋਈਏ । ਖ਼ਾਲਸ ਹੋਕੇ ਰੱਬ ਅੱਗੇ ਝੁਕਣ ਵਾਲੇ ਹੋਈਏ । ਅਸਤਗ਼ਫ਼ਾਰ ਵੱਲ ਧਿਆਨ ਦੇਣ ਵਾਲ ਹੋਈਏ । ਆਪਣੇ ਪਿਛਲੇ ਪਾਪਾਂ ਦੀ ਬਖ਼ਸ਼ਿਸ਼ ਰੱਬ ਦੀ ਹਜ਼ੂਰੀ ਵਿੱਚ ਝੁੱਕਦਿਆਂ ਹੋਇਆਂ ਮੰਗਣ ਵਾਲੇ ਹੋਈਏ ਅਤੇ ਭਵਿੱਖ ਵਿੱਚ ਪਾਪਾਂ ਤੋਂ ਬਚਣ ਦਾ ਪ੍ਰਣ ਕਰਕੇ ਫਿਰ ਉਸ ਲਈ ਭਰਪੂਰ ਜਤਨ ਕਰਨ ਵਾਲੇ ਹੋਈਏ । ਬਲਾਵਾਂ ਨੂੰ ਦੂਰ ਕਰਨ ਲਈ ਅਜਿਹੇ ਸਦਕੇ ਕਰਨ ਵਾਲੇ ਹੋਈਏ ਜੋ ਰੱਬ ਦੀ ਹਜ਼ੂਰੀ ਵਿੱਚ ਪਰਵਾਨ ਹੋਣ । ਰੱਬ ਸਾਨੂੰ ਆਪਣੀ ਪਨਾਹ ਵਿੱਚ ਰੱਖੇ, ਦੁਸ਼ਮਣ ਅਤੇ ਹਰ ਮੁਖ਼ਲਫ਼ (ਵਿਰੋਧੀ) ਦੇ ਹਰ ਹਮਲੇ ਤੋਂ ਸਾਨੂੰ ਸੁਰੱਖਿਅਤ ਰੱਖੇ ਅਤੇ ਉਹਨਾਂ ਦੇ ਹਮਲੇ ਉਹਨਾਂ'ਤੇ ਪਰਤਾਏ । ਅਸੀਂ ਹਮੇਸ਼ਾ ਰੱਬ ਦੇ ਉਹਨਾਂ ਬੰਦਿਆਂ ਵਿੱਚ ਗਿਣੇ ਜਾਈਏ ਜੋ ਰੱਬ ਦਾ ਖ਼ੌਫ਼ ਦਿਲ ਵਿੱਚ ਰਖੱਣ ਵਾਲੇ ਹਨ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਦੁਆਵਾਂ ਦੇ ਅਸੀਂ ਵਾਰਸ ਹੋਈਏ ਅਤੇ ਉਹਨਾਂ ਵਿੱਚੋ ਭਾਗ ਲੈਂਣ ਵਾਲੇ ਹੋਈਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ਾਂ ਦੇ ਬਾਦ ਇਕ ਜਨਾਜ਼ਹ ਵੀ ਪੜ੍ਹਾਵਾਂ ਗਾ ਜੋ ਮੁਕਰੱਮਾ ਸਾਦਾਹ ਬਰਤਾਵੀ ਸਾਹਿਬਾ ਦਾ ਹੈ ਇਹਨਾ ਦੀ ਵਫ਼ਾਤ ਅਰਬ ਦਮਿਸ਼ਕ ਵਿੱਚ ਹੋਈ ਸੀ ।

**Khulasa Khutba Jumma 24.02.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131